# ਪੋਲੀਓ ਵੈਕਸੀਨ (IPV)
# Polio Vaccine (IPV)

ਇਮਿਊਨਾਇਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

## ਪੋਲੀਓ ਵੈਕਸੀਨ (IPV) ਕੀ ਹੈ?

ਪੋਲੀਓ ਵੈਕਸੀਨ ਪੋਲੀਓ ਵਾਇਰਸ ਨਾਲ ਹੋਣ ਵਾਲੀ ਇਨਫੈਕਸ਼ਨ ਤੋਂ ਬਚਾਅ ਕਰਦਾ ਹੈ। ਵੈਕਸੀਨ, ਜਿਸ ਨੂੰ ਇਨਐਕਟੀਵੇਟਿਡ ਪੋਲੀਓ ਵੈਕਸੀਨ (IPV), ਆਖਿਆ ਜਾਂਦਾ ਹੈ, ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਹੈ।

## ਕਿਸ ਨੂੰ ਪੋਲੀਓ ਵੈਕਸੀਨ ਲਵਾਉਣਾ ਚਾਹੀਦਾ ਹੈ?

ਪੋਲੀਓ ਵੈਕਸੀਨ ਬਹੁਤੀ ਵਾਰੀ ਇਕ ਬੂਸਟਰ ਖੁਰਾਕ ਜਾਂ ਲੋਦੇ ਵਜੋਂ ਉਨ੍ਹਾਂ ਬਾਲਗਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਬਚਪਨ ਵਿਚ ਪੋਲੀਓ ਵੈਕਸੀਨ ਇਕ ਲੜੀ ਵਜੋਂ ਦਿੱਤੇ ਗਏ ਹੁੰਦੇ ਹਨ ਅਤੇ ਜਿਹੜੇ ਹੁਣ ਦੁਨੀਆਂ ਦੇ ਉਨ੍ਹਾਂ ਹਿੱਸਿਆਂ 'ਚ ਕੰਮ ਕਰਨਗੇ ਜਾਂ ਯਾਤਰਾ ਕਰਨ ਲਈ ਜਾ ਰਹੇ ਹਨ ਜਿੱਥੇ ਪੋਲੀਓ ਅਜੇ ਵੀ ਹੋ ਜਾਂਦੀ ਹੈ।

ਪੋਲੀਓ ਵੈਕਸੀਨਾਂ ਦੀ ਇਕ ਲੜੀ ਉਨ੍ਹਾਂ ਲੋਕਾਂ ਨੂੰ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਵੈਕਸੀਨ ਅਜੇ ਨਹੀਂ ਲਗਾਏ ਗਏ ਅਤੇ ਜਿਹੜੇ ਆਪਣੇ ਕੰਮ ਜਾਂ ਯਾਤਰਾ ਕਾਰਨ ਪੋਲੀਓ ਵਾਇਰਸ ਦਾ ਸਾਹਮਣਾ ਕਰਨ ਦੀ ਸੰਭਾਵਨਾਂ ਰੱਖਦੇ ਹਨ।

ਵੈਕਸੀਨਾਂ ਦੀ ਇਕ ਲੜੀ 'ਚ ਦੋ ਖੁਰਾਕਾਂ ਹੁੰਦੀਆਂ ਹਨ ਜਿਹੜੀਆਂ 4 ਤੋਂ 8 ਹਫਤਿਆਂ ਦੀ ਵਿੱਥ ਨਾਲ ਦਿੱਤੀਆਂ ਜਾਂਦੀਆਂ ਹਨ ਅਤੇ ਇਕ ਤੀਜੀ ਖੁਰਾਕ ਦੂਜੀ ਤੋਂ 6 ਤੋਂ 12 ਮਹੀਨੇ ਮਗਰੋਂ ਦਿੱਤੀ ਜਾਂਦੀ ਹੈ।

ਛੋਟੇ ਬੱਚਿਆਂ 'ਚ ਪੋਲੀਓ ਤੋਂ ਬਚਾਅ ਲਈ ਇਮਿਊਨਾਇਜ਼ੇਸ਼ਨ ਹੋਰ ਵੈਕਸੀਨਾਂ ਜਿਵੇਂ ਡਿਫਥੇਰੀਆ, ਟੈਟਨਸ, ਪ੍ਰਟੂਸਿਸ, ਹੈੱਪਾਟਾਈਟਿਸ ਬੀ, ਅਤੇ *ਹਿਮੋਫਿਲਸ ਇਨਫ਼ਲੂਐਂਜ਼ੀ* ਟਾਇਪ ਬੀ (Hib) ਦੇ ਨਾਲ ਇਕੱਠਿਆਂ ਲਗਾਇਆ ਜਾਂਦਾ ਹੈ। ਇਕੱਠਿਆਂ ਲੱਗਣ ਵਾਲੇ ਵੈਕਸੀਨਾਂ ਬਾਰੇ ਵਧੇਰੇ ਜਾਣਕਾਰੀ ਲਈ HealthLink BC File (ਹੈੱਲਥਲਿੰਕ ਬੀ.ਸੀ. ਫ਼ਾਈਲ) #105 ਡਿਫਥੇਰੀਆ, ਟੈਟਨਸ, ਪ੍ਰਟੂਸਸ, ਹੈਪਾਟਾਈਟਸ ਬੀ, ਪੋਲੀਓ ਅਤੇ *ਹਾਇਮੋਫਿਲਸ ਇੰਨਫਲੁਐਂਜ਼ਈ* ਟਾਈਪ ਬੀ (DTaP-IPV-Hib) ਵੈਕਸੀਨ ਵੇਖੋ।

ਪੋਲੀਓ ਵੈਕਸੀਨ ਦੀ ਲੜੀ ਉਨ੍ਹਾਂ ਬਾਲਾਂ ਅਤੇ ਬੱਚਿਆਂ ਨੂੰ ਵੀ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਡਿਫਥੇਰੀਆ, ਟੈਟਨਸ, ਪ੍ਰਟੂਸਿਸ ਅਤੇ ਹਿੱਬ ਤੋਂ ਬਚਾਅ ਲਈ ਹੋਰ ਵੈਕਸੀਨ ਪਹਿਲਾਂ ਲਏ ਹੋਏ ਹਨ।

## ਵੈਕਸੀਨ ਪ੍ਰਤਿ ਸੰਭਵ ਰੀਐਕਸ਼ਨ

ਪੋਲੀਓ ਦੀ ਬੀਮਾਰੀ ਲਵਾ ਲੈਣ ਨਾਲੋਂ ਵੈਕਸੀਨ ਲਵਾ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਵੈਕਸੀਨ ਦੇ ਆਮ ਰੀਐਕਸ਼ਨਾਂ 'ਚ ਸ਼ਾਮਲ ਹੋ ਸਕਦਾ ਹੈ ਬੁਖ਼ਾਰ ਅਤੇ ਜਿਸ ਥਾਂ ਲੋਦਾ ਲੱਗਿਆ ਹੋਵੇ ਉਥੋਂ ਦੁਖਣਾ, ਸੋਜ ਪੈਣਾ ਜਾਂ ਲਾਲ ਹੋਣਾ।

> Acetaminophen ਜਾਂ Tylenol® ਬੁਖਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ Aspirin® ਰੇ ਸਿੰਡਰੋਮ ਦੇ ਖਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇਕ ਜਾਨ ਦੇ ਖਤਰੇ ਵਾਲੀ ਐਲਰਜੀ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ।

ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਣ ਤੋਂ

ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ ’ਤੇ ਫੋਨ ਕਰੋ। ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਇਕ ਮਿਲੀਅਨ ਲੋਕਾਂ ਵਿਚੋਂ ਇਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

**ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਕਰੋ।**

## ਕਿਸ ਨੂੰ ਪੋਲੀਓ ਵੈਕਸੀਨ ਨਹੀਨ ਲਵਾਉਣਾ ਚਾਹੀਦਾ?

ਜੇਕਰ ਤੁਹਾਨੂੰ ਕਿਸੇ ਪੋਲੀਓ ਵੈਕਸੀਨ ਜਾਂ ਵੈਕਸੀਨ ਵਿਚਲੀ ਕਿਸੇ ਵੀ ਚੀਜ਼, ਸਮੇਤ ਨੀਓਮਾਈਸਿਨ, ਸਟ੍ਰੈਪਟੋਮਾਈਸਿਨ ਜਾਂ ਪੌਲੀਮਾਈਕਸਿਨ ਬੀ ਦੀ ਕਿਸੇ ਪਹਿਲਾਂ ਦਿੱਤੀ ਖ਼ੁਰਾਕ ਨਾਲ ਜਾਨ ਦੇ ਖਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ ਤਾਂ ਕਿਸੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

## ਪੋਲੀਓ ਕੀ ਹੈ?

ਪੋਲੀਓ ਇਕ ਬੀਮਾਰੀ ਹੈ ਜੋ ਪੋਲੀਓ ਵਾਇਰਸ ਦੀ ਇਨਫੈਕਸ਼ਨ ਕਾਰਨ ਹੁੰਦੀ ਹੈ। ਜਦੋਂ ਕਿ ਕੁਝ ਪੋਲੀਓ ਇਨਫੈਕਸ਼ਨਾਂ ਕੋਈ ਰੋਗ-ਲੱਛਣ ਜ਼ਾਹਰ ਨਹੀਂ ਕਰਦੀਆਂ, ਕੁਝ ਹੋਰਾਂ ਦਾ ਨਤੀਜਾ ਬਾਹਵਾਂ ਜਾਂ ਲੱਤਾਂ ਦਾ ਲਕਵਾ ਜਾਂ ਇਥੋਂ ਤੱਕ ਕਿ ਮੌਤ ਵੀ, ਹੋ ਸਕਦਾ ਹੈ।

ਪੋਲੀਓ ਵਾਇਰਸ ਕਿਸੇ ਇਨਫੈਕਸ਼ਨ ਗ੍ਰਸਤ ਵਿਅਕਤੀ ਦੇ ਮਲ-ਤਿਆਗ (ਟੱਟੀ) ‘ਚ ਪਾਇਆ ਜਾਂਦਾ ਹੈ। ਜੇਕਰ ਇਸ ਟੱਟੀ ਨਾਲ ਹੱਥ, ਪਾਣੀ ਜਾਂ ਭੋਜਨ ਪ੍ਰਦੂਸ਼ਤ ਹੋ ਜਾਣ ਤਾਂ ਹੋਰ ਲੋਕ ਬੀਮਾਰ ਹੋ ਸਕਦੇ ਹਨ। ਹੈ।

ਇਮਿਊਨਾਇਜ਼ੇਸ਼ਨ ਦੇ ਕਾਰਨ ਪੋਲੀਓ ਦੁਨੀਆਂ ਦੇ ਕਈ ਹਿੱਸਿਆਂ ‘ਚੋਂ ਮਿਟਾਈ ਜਾ ਚੁੱਕੀ ਹੈ। 1944 ‘ਚ ਕੈਨੇਡਾ ਨੂੰ “ਪੋਲੀਓ ਰਹਿਤ” ਮੁਲਕ ਵਜੋਂ ਤਸਦੀਕ ਕੀਤਾ ਗਿਆ ਸੀ। ਪਿਛਲੇ 30 ਸਾਲਾਂ ਦੇ ਅੰਦਰ ਬ੍ਰਿਟਿਸ਼ ਕੁਲੰਬੀਆ ‘ਚ ਪੋਲੀਓ ਦੇ ਕੇਵਲ ਉਹ ਹੀ ਕੇਸ ਸਨ ਜਿਨ੍ਹਾਂ ਵਾਸੀਆਂ ਨੂੰ ਵੈਕਸੀਨ ਨਹੀਂ ਸਨ ਲੱਗੇ ਤੇ ਜਿਨ੍ਹਾਂ ਦਾ ਪੋਲੀਓ ਦੀ ਬੀਮਾਰੀ ਵਾਲੇ ਹੋਰ ਮੁਲਕਾਂ ਤੋਂ ਆਏ ਸੈਲਾਨੀਆਂ ਨਾਲ ਸੰਪਰਕ ਹੋਇਆ ਸੀ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਇਜ਼ੇਸ਼ਨ ਦੀ ਸਹਿਮਤੀ ਬਾਰੇ ਪਹਿਲਾਂ ਗੱਲਬਾਤ ਕਰ ਲੈਣ। ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ/ਸਰਪ੍ਰਸਤਾਂ ਜਾਂ ਪ੍ਰਤੀਨਿਧਾਂ ਦੀ ਸਹਿਮਤੀ ਲੈਣ ਦੇ ਯਤਨ ਕੀਤੇ ਜਾਂਦੇ ਹਨ। ਪਰ ਫਿਰ ਵੀ 19 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਹੜੇ ਹਰ ਵੈੱਕਸੀਨ ਦੇ ਫ਼ਾਇਦਿਆਂ ਅਤੇ ਸੰਭਵ ਪ੍ਰਤੀਕਰਮਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਖ਼ਤਰਿਆਂ ਨੂੰ ਸਮਝਣ ਦੇ ਯੋਗ ਹੋਣ, ਉਹ ਕਨੂੰਨੀ ਤੌਰ ਤੇ ਇਮਿਊਨਾਇਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca ’ਤੇ ਕਲਿੱਕ ਕਰੋ ਜਾਂ **8-1-1** ’ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 ’ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ ’ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BRITISH COLUMBIA
The Best Place on Earth
ImmunizeBC
BC Centre for Disease Control
AN AGENCY OF THE PROVINCIAL HEALTH SERVICES AUTHORITY